# ਟੱਕਰ

ਲਾਹੌਰ ਦੇ ਇਕ ਕਾਲਜ ਵਿਚ ਪੜਦਿਆਂ ਸਾਡੀ ਜਾਣ ਪਛਾਣ ਹੋ ਗਈ। ਉਹ ਮੈਥੋਂ ਦੋ ਜਮਾਤਾਂ ਪਿਛੇ ਸੀ, ਪਰ ਫਿਰ ਵੀ ਮੁੰਡਿਆਂ ਕੁੜੀਆਂ ਦੇ ਸਾਂਝੇ ਕਾਲਜਾਂ ਵਿਚ ਮਿਲਣ ਦੇ ਕਈ ਮੌਕੇ ਹੁੰਦੇ ਹਨ। ਮੈਂ ਕਾਲਜ ਦੇ ਮੈਗਜ਼ੀਨ ਵਿਚ ਲੇਖ ਲਿਖਦਾ ਤੇ ਉਹ ਪੜ੍ਹਦੀ ਤੇ ਉਨ੍ਹਾਂ ਬਾਰੇ ਗਲਾਂ ਕਰਦੀ। ਫਿਰ ਜਦੋਂ ਮੈਂ ਐਡੀਟਰ ਬਣਿਆ ਤਾਂ ਉਹ ਕਚੇ ਕਚੇ ਲੇਖ ਲਿਖ ਕੇ ਮੈਨੂੰ ਛਾਪਣ ਵਾਸਤੇ ਕਹਿੰਦੀ। ਮੈਂ ਅਜੇ ਤਕ ਵੀ ਇਹ ਨਿਰਣਾ ਨਹੀਂ ਕਰ ਸਕਿਆ ਕਿ ਉਸ ਦੀਆਂ ਕਵਿਤਾਵਾਂ ਛਾਪਣ ਵਾਸਤੇ ਹੁੰਦੀਆਂ ਸਨ ਜਾਂ ਕੇਵਲ ਮੇਰੇ ਪੜ੍ਹਨ ਵਾਸਤੇ। ਮੈਂ ਇਹ ਆਖਕੇ ਟਾਲ ਦਿੰਦਾ ਕਿ ਜ਼ਿਮੀਦਾਰਾਂ ਦੀਆਂ ਕੁੜੀਆਂ ਇਹੋ ਜਹੀਆਂ ਕਵਿਤਾਵਾਂ ਛਪਵਾਂਦੀਆਂ ਚੰਗੀਆਂ ਨਹੀਂ ਲਗਦੀਆਂ।

ਉਹ ਹੋਸਟਲ ਵਿਚ ਨਹੀਂ ਸੀ ਰਹਿੰਦੀ। ਉਸ ਦੀ ਇਕ ਮਾਸੀ ਲਾਹੌਰ ਵਿਚ ਵਿਆਹੀ ਹੋਈ ਸੀ ਤੇ ਉਹ ਉਸ ਦੇ ਘਰ ਰਹਿੰਦੀ ਸੀ। ਨੇੜੇ ਨੇੜੇ ਦੇ ਪਿੰਡਾਂ ਵਿਚੋਂ ਭਰਤੀ ਹੋਏ ਫੌਜੀ, ਘਰਾਂ ਵਿਚ ਨੌਕਰੀ ਕਰਨ ਵਾਲੇ ਪਹਾੜੀਏ, ਸਕੂਲਾਂ ਕਾਲਜਾਂ ਦੇ ਮੁੰਡੇ ਤੇ ਇਕੋ ਇਲਾਕੇ ਵਿਚੋਂ ਆਏ ਹੋਏ ਸ਼ਹਿਰੀ ਵਸਨੀਕ ਸ਼ਹਿਰਾਂ ਵਿਚ ਆ ਕੇ ਹੋਰ ਨੇੜੇ ਹੋ ਜਾਂਦੇ ਹਨ ਤੇ ਬੜੇ ਪਕੇ ਦੋਸਤ ਬਣ ਜਾਂਦੇ ਹਨ। ਮੈਂ ਤੇ ਉਸ ਦੀ ਮਾਸੀ ਵੀ ਇਸ ਅਸਰ ਤੋਂ ਬਚ ਨਾ ਸਕੇ। ਮੈਂ ਉਨ੍ਹਾਂ ਦੇ

ਘਰ ਆਉਣ ਜਾਣ ਲਗ ਪਿਆ ਤੇ ਮਾਸੀ ਵਲੋਂ ਉਸ ਦੀ ਭਣੇਵੀਂ ਨੂੰ ਪੜ੍ਹਾਣ ਦੀ ਸੇਵਾ ਮੇਰੇ ਜ਼ਿਮੇਂ ਲਗੀ।

ਸਿਆਲ ਦੇ ਇਕ ਠੰਡੇ ਜਹੇ ਤੀਸਰੇ ਪਹਿਰ ਅਸੀਂ ਬਾਕੀ ਘਰ ਦੇ ਰੌਲੇ ਤੋਂ ਇਕਾਂਤ ਕੋਠੇ ਤੇ ਇਕੋ ਕੰਬਲ ਵਿਚ ਵਲ੍ਹੇਟੇ ਬੈਠੇ ਸਾਂ। ਮੈਂ ਉਸ ਨੂੰ ਅੰਗਰੇਜ਼ੀ ਦੀ ਇਕ ਨਜ਼ਮ ਦੇ ਅੰਗਰੇਜ਼ੀ ਵਿਚ ਅਰਥ ਕਰਕੇ ਦਸਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਸਰੀਰ ਇਕ ਦੂਜੇ ਦੇ ਨਾਲ ਲਗੇ ਹੋਏ ਹੋਣ ਕਰਕੇ ਕੁਝ ਭਖ ਜਹੇ ਰਹੇ ਸਨ। ਆਲਾ ਦੁਆਲਾ ਕੁਝ ਫੁਲਿਆ ਫੁਲਿਆ ਤੇ ਗੁਦਗੁਦਾ ਜਿਹਾ ਲਗਦਾ ਸੀ। ਮੇਰੇ ਦਸੇ ਹੋਏ ਅੰਗਰੇਜ਼ੀ ਦੇ ਅਖਰਾਂ ਦੇ ਅਰਥ ਫੇਰ ਭੁਲ ਜਾਣ ਦੇ ਡਰ ਤੋਂ ਉਹ ਉਨ੍ਹਾਂ ਅਖਰਾਂ ਦੇ ਨਾਲ ਨਾਲ ਕਿਤਾਬ ਤੇ ਲਿਖੀ ਜਾਂਦੀ ਸੀ। ਜਿਸ ਹਥ ਨਾਲ ਮੈਂ ਕਿਤਾਬ ਫੜੀ ਹੋਈ ਸੀ ਉਸ ਹਥ ਦੇ ਉਤੇ ਉਸ ਨੇ ਆਪਣਾ ਪਿਨਸਲ ਵਾਲਾ ਹਥ ਟਿਕਾਇਆ ਹੋਇਆ ਸੀ। ਇਕ ਸਫ਼ਾ ਮੁਕ ਗਿਆ। ਅਗਲੇ ਸਫ਼ੇ ਦੀ ਸਭ ਤੋਂ ਉਪਰਲੀ ਸਤਰ ਵਿਚ ਇਕ ਅਖਰ ਦਾ ਅਰਥ ਮੈਂ ਦਸਿਆ ਤੇ ਉਸ ਪਹਿਲੇ ਦੀ ਤਰ੍ਹਾਂ ਲਿਖਣਾ ਚਾਹਿਆ। ਮੇਰੇ ਹਥ ਤੋਂ ਆਪਣਾ ਹਥ ਚੁਕੇ ਬਗੈਰ ਉਸ ਪਿਨਸਲ ਦੇ ਸਿਕੇ ਨੂੰ ਉਂਗਲਾਂ ਵਿਚੋਂ ਅਗਾਂਹ ਸਰਕਾ ਕੇ ਸਫ਼ੇ ਦੀ ਟੀਸੀ ਤੇ ਅਪੜਾ ਦਿਤਾ ਤੇ ਅਖਰ ਲਿਖਣ ਦੀ ਕੋਸ਼ਿਸ਼ ਕੀਤੀ। ਪਰ ਸਿਕਾ ਉਂਗਲਾਂ ਤੋਂ ਇਨੀ ਦੂਰ ਹੋ ਗਿਆ ਸੀ ਕਿ ਲਿਖਣ ਲਈ ਉਸ ਤੇ ਲੋੜੀਂਦਾ ਦਬਾ ਪਾਣਾ ਉਸ ਦੀਆਂ ਨਾਜ਼ਕ ਉਂਗਲਾਂ ਲਈ ਅਸੰਭਵ ਸੀ। ਪਿਛਲੇ ਸਿਰੇ ਤੋਂ ਫੜੀ ਪੈਨਸਿਲ ਏਧਰ ਉਧਰ ਹਿਲੀ ਪਰ ਕੋਈ ਅਖਰ ਨਾ ਬਣ ਸਕਿਆ।

"ਇਹ ਅਖਰ ਤੇ ਇਥੋਂ ਹਥ ਚੁਕ ਕੇ ਹੀ ਲਿਖਣਾ ਪਵੇਗਾ।" ਮੈਂ ਆਪਣੀ ਜਿਤ ਤੇ ਫੁਲਦਿਆਂ ਹੋਇਆਂ ਆਖਿਆ--"ਚਲੋ ਇਸ ਅਖਰ ਤੋਂ ਬਗੈਰ ਹੀ ਗੁਜ਼ਾਰਾ ਹੋ ਜਾਵੇਗਾ।" ਆਖ ਕੇ ਉਸ ਨੇ

ਆਪਣੀ ਹਾਰ ਮੰਨੀ ਤੇ ਮੇਰੇ ਹੇਠ ਪਏ ਹਥ ਨੂੰ ਉਤੋਂ ਜ਼ੋਰ ਨਾਲ ਦਬਾਇਆ।

* * *

ਨਹਿਰ ਦੇ ਕੰਢੇ ਤੇ ਸੈਰ ਕਰਦਿਆਂ ਸਾਨੂੰ ਕੁਝ ਅੰਨ੍ਹੇਰਾ ਹੋ ਗਿਆ, ਇਸ ਲਈ ਟਾਂਗੇ ਤੇ ਵਾਪਸ ਜਾਣ ਦਾ ਫ਼ੈਸਲਾ ਕੀਤਾ। ਲਾਹੌਰ ਦੇ ਟਾਂਗਿਆਂ ਦੀ ਪਿਛਲੀ ਸੀਟ ਇਕ ਪਤਲੇ ਜਹੇ ਜੋੜੇ ਲਈ ਬਹੁਤ ਖੁਲ੍ਹੀ ਹੁੰਦੀ ਹੈ ਪਰ ਉਸ ਲਈ ਉਹ ਤੰਗ ਸੀ ਤੇ ਉਹ ਮੇਰੇ ਸਰੀਰ ਦਾ ਕੁਝ ਹਿਸਾ ਆਪਣੇ ਸਰੀਰ ਹੇਠ ਦਬ ਕੇ ਬੈਠੀ ਸੀ। ਇਕ ਮੋੜ ਤੋਂ ਲਾਹੌਰ ਔਮਨੀ ਬਸ ਦੀ ਇਕ ਮੋਟਰ ਸਾਡੀ ਸੜਕ ਤੇ ਮੁੜੀ ਤੇ ਉਸ ਦੀ ਤੇਜ਼ ਰੋਸ਼ਨੀ ਸਾਡੇ ਟਾਂਗੇ ਉਤੇ ਪਈ। ਬੱਸ ਸਵਾਰੀਆਂ ਨਾਲ ਭਰੀ ਹੋਈ ਸੀ। ਮੈਂ ਏਨੀਆਂ ਅਖੀਆਂ ਸਾਹਮਣੇ ਅਡੋਲ ਨਾ ਬੈਠ ਸਕਿਆ ਤੇ ਥੋੜਾ ਜਿਹਾ ਉਸ ਤੋਂ ਦੂਰ ਸਰਕ ਗਿਆ ਪਰ ਉਸ ਨੇ ਮੇਰੇ ਵਲ ਹੋਰ ਸਰਕ ਕੇ ਉਹ ਵਿਥ ਪੂਰੀ ਕਰ ਦਿਤੀ। ਅਸਲ ਵਿਚ ਉਹ ਉਸ ਸਟੇਜ ਤੇ ਅਪੜ ਚੁਕੀ ਸੀ ਜਦੋਂ ਇਕ ਕੁੜੀ ਬਾਜ਼ਾਰ ਵਿਚ ਖੜੀ ਹੋ ਕੇ ਇਹ ਕਹਿਣਾ ਚਾਹੁੰਦੀ ਹੈ– "ਮੈਂ ਇਸਦੀ ਹਾਂ।"

੧੫ ਅਗਸਤ ੧੯੪੭ ਤੋਂ ਪਿਛੋਂ ਉਹ ਵਾਹਗਾ ਪਾਰ ਕਰਕੇ ਦਿਲੀ ਚਲੇ ਗਏ। ਕੁਝ ਚਿਰ ਪਿਛੋਂ ਮੈਂ ਵੀ ਉਸ ਨੂੰ ਮਿਲਣ ਦਿਲੀ ਗਿਆ। ਉਸ ਦੀ ਬੁਢੀ ਮਾਂ ਮੈਨੂੰ ਚਿਰਾਂ ਤੋਂ ਜਾਣਦੀ ਸੀ। ਉਹ ਕੁਝ ਬੀਮਾਰ ਸੀ ਤ ਮੈਨੂੰ ਵੇਖ ਕੇ ਬੜੀ ਪ੍ਰਸੰਨ ਹੋਈ–"ਧੰਨ ਭਾਗ ! ਅਜ ਤੇ ਮੇਰਾ ਪੁਤਰ ਘਰ ਆਇਆ ਏ", ਆਖਕੇ ਉਸ ਮੈਨੂੰ ਜੀ ਆਇਆਂ ਨੂੰ ਆਖਿਆ। ਦਿਲੀ ਵਿਚ ਉਹ ਕਿਸੇ ਆਪਣੇ ਆਦਮੀ ਦੀ ਸ਼ਕਲ ਤੋਂ ਤਰਸ ਗਈ ਸੀ। ਮੇਰੇ ਕੋਲ ਪੈਸੇ ਉਹਨਾਂ ਤੋਂ ਵਧੇਰੇ ਸਨ। ਚੰਗਾ ਡਾਕਟਰ ਬੁਲਾ ਕੇ ਮੈਂ ਉਸ ਲਈ ਦਵਾਈ ਲਈ ਤੇ

ਆਪਣੀ ਜੇਬ ਵਿਚ ਪਏ ਪੈਸਿਆਂ ਦਾ ਨਿਘ ਉਹਨਾਂ ਨੂੰ ਦਵਾਇਆ। ਆਪਣੇ ਸਰਕਾਰੀ ਰਸੂਖ ਦੇ ਖੂਬਸੂਰਤ ਮਹਲ ਵਿਚ ਝਾਤੀਆਂ ਪਵਾ ਕੇ ਉਹਨਾਂ ਨੂੰ ਅਭਿੰਤਾ ਦੀ ਟੀਸੀ ਤੇ ਪੁਚਾ ਦਿਤਾ। ਉਸਦੀ ਮਾਂ ਲਈ ਮੈਂ ਦੁਨੀਆਂ ਦਾ ਕੋਈ ਬਹੁਤ ਵਡਾ ਅਧਿਕਾਰੀ ਸਾਂ।

ਦੁਪਹਿਰ ਦੀ ਰੋਟੀ ਖਾ ਕੇ ਅਸੀਂ ਤਿੰਨੇ ਮੰਜੀਆਂ ਤੇ ਲੇਟ ਗਏ, ਪਰ ਨੀਂਦ ਕਿਸੇ ਨੂੰ ਨਹੀਂ ਸੀ। ਅਸੀਂ ਦੋਵੇਂ ਚਾਹੁੰਦੇ ਸਾਂ ਕਿ ਮਾਂ ਸੌਂ ਜਾਵੇ ਪਰ ਮਾਂ ਦੀਆਂ ਅਖਾਂ ਖੁਲ੍ਹੀਆਂ ਸਨ। ਮੇਰਾ ਹਥ ਉਸ ਦੀ ਮੰਜੀ ਤੇ ਪਹੁੰਚ ਕੇ ਉਸ ਦੇ ਹਥ ਨੂੰ ਫੜ ਸਕਦਾ ਸੀ ਪਰ ਰੁਕਿਆ ਹੋਇਆ ਸੀ। ਹੱਡ ਪੈਰ ਖੁਸਦੇ ਸਨ ਤੇ ਮੰਜੀ ਬੜੀ ਖਰ੍ਹਵੀ ਲਗਦੀ ਸੀ। ਛਾਤੀ ਵਿਚ ਕੁਝ ਧੁਖਣ ਵਾਲਾ ਖ਼ਲੱਾ ਜਿਹਾ ਪਿਆ ਹੋਇਆ ਸੀ। ਮੇਰਾ ਵਿਸ਼ਵਾਸ਼ ਸੀ ਕਿ ਇਹੀ ਹਾਲ ਕੋਲ ਦੀ ਮੰਜੀ ਤੇ ਹੋ ਰਿਹਾ ਹੈ ਪਰ ਫਿਰ ਵੀ ਹਥ ਉਸ ਦੀ ਮੰਜੀ ਵਲ ਨਹੀਂ ਸੀ ਵਧਦਾ। ਪਰੇ ਇਕ ਮੰਜੀ ਤੋਂ ਦੋ ਅਧ ਖੁਲ੍ਹੀਆਂ, ਅਧ ਮੀਟੀਆਂ ਉਮਰ ਖਾਧੀਆਂ, ਮਧਮ ਜਹੀਆਂ ਅੱਖਾਂ ਵੇਖ ਰਹੀਆਂ ਸਨ। ਮੇਰਾ ਸਬਰ ਨਿਘਰਦਾ ਜਾ ਰਿਹਾ ਸੀ। ਮੈਂ ਇਸ ਕੰਮ ਦੀਆਂ ਵਿਰੋਧੀ ਤਾਕਤਾਂ ਨੂੰ ਇਕ ਇਕ ਕਰਕੇ ਅਖਾਂ ਸਾਹਮਣੇ ਲਿਆ ਕੇ ਜਾਚਿਆ : ਪੁਲਿਸ ਕਚਹਿਰੀ ਦਾ ਕੋਈ ਸਵਾਲ ਹੀ ਨਹੀਂ ਸੀ। ਲੋਕਾਂ ਦੀ ਲਾਹਨਤ ਮਲਾਮਤ ਦਾ ਵੀ ਕੋਈ ਡਰ ਨਹੀਂ ਸੀ ਕਿਉਂ ਜੋ ਮਾਂ ਨੇ ਕਿਸੇ ਨੂੰ ਦਸਣ ਤੇ ਨਹੀਂ ਸੀ ਜਾਣਾ। ਮੇਰਾ ਇਹ ਵੀ ਵਿਸ਼ਵਾਸ ਸੀ ਕਿ ਉਹ ਆਪਣੇ ਘਰ ਦੇ ਕਿਸੇ ਹੋਰ ਜੀ ਨੂੰ ਵੀ ਨਾ ਦਸਦੀ। ਸੰਭਵ ਸੀ ਕਿ ਉਹ ਸਾਡਾ ਹਥ ਵਿਚ ਹਥ ਵੇਖ ਕੇ ਅਖਾਂ ਹੀ ਮੀਟ ਲੈਂਦੀ ਜਿਸ ਤਰ੍ਹਾਂ ਸੁਤੀ ਹੋਈ ਹੁੰਦੀ ਹੈ। ਮੈਨੂੰ ਉਹ ਬੜਾ ਪਿਆਰ ਕਰਦੀ ਸੀ।

ਇਹ ਸਭ ਕੁਝ ਜਾਣਦਾ ਹੋਇਆ ਭੀ ਮੈਂ ਹਥ ਅਗੇ ਵਧਾਣ ਦਾ ਹੌਸਲਾ ਨਹੀਂ ਕਰਦਾ ਸਾਂ। ਪਰੇ ਇਕ ਮੰਜੇ ਤੋਂ ਦੋ ਅਧ-ਖੁਲ੍ਹੀਆਂ

ਅਧ ਮੀਟੀਆਂ, ਉਮਰ ਖਾਧੀਆਂ ਮਧਮ ਜਹੀਆਂ ਅਖਾਂ ਵੇਖ ਰਹੀਆਂ ਸਨ। ਉਨ੍ਹਾਂ ਅਖਾਂ ਦੇ ਪਿੱਛੇ ਮੇਰੇ ਬਿਰਧ ਦੇਸ ਦੇ ਕ੍ਰੋੜਾਂ ਜੀਉਂਦੇ ਤੇ ਮਰੇ ਹੋਏ ਇਸਤ੍ਰੀਆਂ ਤੇ ਮਰਦਾਂ, ਬੁਢਿਆਂ ਤੇ ਜਵਾਨਾਂ, ਪੇਂਡੂਆਂ ਤੇ ਸ਼ਹਿਰੀਆਂ, ਕਿਸਾਨਾਂ ਤੇ ਜ਼ਿਮੀਂਦਾਰਾਂ, ਮਜ਼ਦੂਰਾਂ ਤੇ ਸਰਮਾਏਦਾਰਾਂ, ਸਨਮਾਨੇ ਹੋਏ ਸਭਿਅਕ ਰਵਾਜਾਂ ਤੇ ਰਵਾਇਤਾਂ ਦੀ ਤਾਕਤ ਸੀ ਤੇ ਮੇਰੇ ਹਥ ਦੀ ਟੋ-ਟੁਟੀ ਹਰਕਤ ਇਹਨਾਂ ਰਵਾਜਾਂ ਤੇ ਰਵਾਇਤਾਂ ਨਾਲ ਟੱਕਰ ਖਾਂਦੀ ਸੀ।